International Conference on
Multidisciplinary Research in
Arts, Culture, Literature, Languages,
Education, Philosophy and Spirituality

# ਵਿਸ਼ਾ:ਰਿਆਸਤ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਮੋਢੀ ਅਤੇ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਕਾਲਵੰਡ।

**Beant Singh**

*M.A. Punjabi. Department of Punjabi, University of Jammu, India*

Abstract—ਰਿਆਸਤ ਜੰਮੂ ਕਸ਼ਮੀਰ ਵਿਚ ਸਹਿਤ ਸਿਰਜਣਾ ਕਾਫੀ ਲੰਮੇ ਸਮੇਂ ਤੋ ਹੰਦੀ ਆ ਰਹੀ ਹੈ। ਇਹ ਸਮਾਂ ਮੱਢ ਤੋ ਵਰਤਮਾਨ ਕਾਲ ਤੱਕ ਫੈਲਿਆ ਹੋਇਆ ਹੈ।ਜੰਮੂ ਕਸ਼ਮੀਰ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਗਿਣਤੀ ਚੋਖੀ ਹੈ। ਪਰਤੂੰ ਖੋਜ ਆਲੋਚਨਾ ਮੁਢਲੇ ਪੜਾਵਾਂ ਉਪਰ ਹੈ।ਜਿਸ ਕਾਰਨ ਕੁੱਝ ਗਬੀਰ ਤਥਾ ਉਪਰ ਵਿਆਖਿਆ ਤੇ ਸਥਾਪਤੀ ਨਹੀਂ ਹੋ ਸਕੀ।ਵਿਦਿਵਾਨਾਂ ਵਲੋਂ ਇਸ ਰਿਆਸਤ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਜਾਂ ਪੰਜਾਬੀ ਸਹਿਤ ਦੇ ਪ੍ਰਮੁੱਖ ਸਹਿਤਕਾਰਾਂ ਬਾਰੇ ਹੇਠ ਲਿਖੇ ਮੱਤ ਪੇਸ਼ ਕੀਤੇ ਗਏ ਹਨ (1).ਗੁਰੂ ਨਾਨਕ ਦੇਵ ਜੀ:ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦਾ ਨਾਂ ਬੜੇ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ।। ਪੰਜਾਬੀ ਸਾਹਿਤ ਨੂੰ ਗਗਨ ਓਤੇ ਚਮਕਓਨ ਵਾਲਿਆਂ ਰੋਸ਼ਨ ਤਾਰਿਆਂ ਵਿਚੋਂ ਇਕ ਤਾਰਾ ਸਾਡੇ ਮਹਾਨ ਵਿਦਵਾਨ ਗੁਰੂ ਨਾਨਕ ਦੇਵ ਜੀ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿੱਚ ਨਨਕਾਣਾ ਸਾਹਿਬ ਵਿਖੇ ਹੋਇਆ ਜੋ ਕਿ ਪਾਕਿਸਤਾਨ ਵਿਚ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਗੁਰੂ ਹੀ ਨਹੀਂ ਬਲਕਿ ਹਰ ਧਰਮ ਦੇ ਗੁਰੂ ਮਨੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਰਿਆਸਤ ਜੰਮੂ ਕਸ਼ਮੀਰ ਵਿਚ ਵੀ ਆ ਕੇ ਸਹਿਤ ਰਚਨਾ ਕੀਤੀ ।ਗੁਰੂ ਨਾਨਕ ਦੇਵ ਜੀ ਨੂੰ ਰਿਆਸਤੀ ਪੰਜਾਬੀ ਸਾਹਿਤ ਦਾ ਪ੍ਰਮੁੱਖ ਸਹਿਕਾਰ ਪ੍ਰਵਾਨ ਕੀਤਾ ਜਾਂਦਾ ਹੈ। ਕਿਉਂਕ ਓਨਾਂ ਨੇ ਇਸ ਆਪਣੀ ਤੀਸਰੀ ਉਦਾਸੀ ਵਿਚ ਕਸ਼ਮੀਰ ਮਟਨ ਸਾਹਿਬ ਆਏ ਅਤੇ ਇਕ ਰਚਨਾ ਕੀਤੀ ।ਜਿਸ ਦਾ ਨਾਂ 'ਮਲਾਰ ਦੀ ਵਾਰ' ਸੀ।ਪਰੰਤੂ ਗੁਰੂ ਨਾਨਕ ਦੇਵ ਜੀ ਦੀ ਇਕ ਵਾਰ ਨੂੰ ਓਨਾਂ ਸਮੁੱਚੀ ਰਚਨਾ ਜਾ ਬਾਣੀ ਤੋ ਵਖ ਕਰਕੇ ਨਹੀਂ ਵੇਖਿਆ ਜਾ ਸਕਦਾ ।ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਰਿਆਸਤ ਜੰਮੂ ਕਸ਼ਮੀਰ ਸਹਿਤ ਦਾ ਮੋਢੀ ਨਹੀ ਮੰਨਿਆ ਜਾ ਸਕਦਾ ।। (2).ਸੁਥਰੇ ਸ਼ਾਹ : ਸੁਥਰੇ ਸ਼ਾਹ ਰਿਆਸਤ ਜੰਮੂ ਕਸ਼ਮੀਰ ਦਾ ਰਹਿਣ ਵਾਲਾ ਸੀ। ਉਸ ਦਾ ਜਨਮ ਰਿਆਸਤ ਜੰਮੂ ਕਸ਼ਮੀਰ ਵਿਚ ਹੀ ਹੋਇਆ ਸੀ।ਕਈ ਵਿਦਵਾਨ ਸੁਥਰੇ ਸ਼ਾਹ ਨੂੰ ਹੀ ਰਿਆਸਤ ਜੰਮੂ ਕਸ਼ਮੀਰ ਸਹਿਤ ਦੇ ਮੋਢੀ ਮੰਨਦੇ ਹਨ। ਸੁਥਰੇ ਸ਼ਾਹ ਕਸ਼ਮੀਰ ਦੇ ਜੰਮਪਲ ਸਨ। ਪਰੰਤੂਉਸਦੇ ਪ੍ਰਮਾਣਿਕ ਸਾਹਿਤ ਦੀ ਆਪ੍ਰਪਤੀ ਹੈ।ਸੁਥਰੇ ਸ਼ਾਹ ਕਸ਼ਮੀਰ ਦੇ ਰਹਿਣ ਵਾਲੇ ਸਨ।ਪਰ ਓਨਾਂ ਨੇ ਆਪਣੇ ਬਚਪਨ ਪੰਜਾਬ ਵਿੱਚ ਹੀ ਬਿਤਾਇਆ ।ਕਿਉਂਕਿ ਗੁਰੂ ਹਰ ਗੋਬਿੰਦ ਸਾਹਿਬ ਜੀ ਓਨਾਂ ਨੂੰ ਨਿਕੀ ਉਮਰ ਵਿਚ ਪੰਜਾਬ ਨਾਲ ਲੈ ਗਏ ਸਨ।ਸੁਥਰੇ ਸ਼ਾਹ ਦੀਆਂ ਰਚਨਾਵਾਂ ਮੋਖਿਕ ਰੂਪ ਵਿਚ ਮਿਲੀਆ ਹਨ। ਸੁਥਰੇ ਸ਼ਾਹ ਦੀਆ ਰਚਨਾਵਾਂ ਗਿਣਤੀ ਦੇ ਪਖੋਂ ਜਿਆਦਾ ਨਹੀਂ ਹਨ। ਅਤੇ ਨਾ ਹੀ ਉਨ੍ਹਾਂ ਰਚਨਾਵਾਂ ਦੀ ਪ੍ਰਮਾਣਿਕਤਾ ਸਿੱਧ ਹੋਈ ਕਿ ਜੰਮੂ ਕਸ਼ਮੀਰ ਦਾ ਸਹਿਤ ਸੁਥਰੇ ਸ਼ਾਹ ਤੋ ਸ਼ੁਰੂ ਹੰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਦੀ ਪ੍ਰਮਾਣਿਕਤਾ ਸਿਧ ਨਾ ਹੋਣ ਕਰਕੇ ਸੁਥਰੇ ਸ਼ਾਹ ਨੂੰ ਰਿਆਸਤ ਜੰਮੂ ਕਸ਼ਮੀਰ ਦਾ ਪ੍ਰਥਮ ਸਾਹਿਤਕਾਰ ਹੋਣ ਦਰਜਾ ਪ੍ਰਾਪਤ ਨਹੀਂ ਹੋ ਸਕਿਆ ।ਇਸ ਕਰਕੇ ਉਨ੍ਹਾਂ ਨੂੰ ਰਿਆਸਤ ਜੰਮੂ ਕਸ਼ਮੀਰ ਸਹਿਤ ਦਾ ਮੋਢੀ ਨਹੀਂ ਮੰਨਿਆ ਜਾਂਦਾ ਹੈ।। (3).ਮੀਆਂ ਮੁਹੰਮਦ ਬਖਸ਼:ਮੀਆਂ ਮੁਹੰਮਦ ਬਖਸ਼ ਰਿਆਸਤ ਜੰਮੂ ਕਸ਼ਮੀਰ ਦਾ ਪ੍ਰਸਿੱਧ ਲੇਖਕ ਮੰਨਿਆ ਜਾਂਦਾ ਹੈ। ਮੀਆਂ ਮੁਹੰਮਦ ਬਖਸ਼ ਨੂੰ ਇਸ ਖੇਤਰ ਦਾ ਪ੍ਰਸਿੱਧ ਲੇਖਕ ਮੰਨਿਆ ਜਾਂਦਾ ਹੈ। ਉਸਦਾ ਸਭ ਤੋ ਪ੍ਰਸਿੱਧ ਕਿੱਸਾ 'ਸੈਫਲ ਮਲੁਕ' ਹੈ।ਮੀਆਂ ਮੁਹੰਮਦ ਬਖਸ਼ ਨੂੰ ਗੋਜਰੀ ਅਤੇ ਪਹਾੜੀ ਵੀ ਆਪਣੇ ਸਹਿਤ ਦਾ ਮੋਢੀ ਮੰਨਦੇ ਹਨ। ਕਿਉਂਕਿ ਉਨ੍ਹਾਂ ਅਨੁਸਾਰ ਸੈਫਲ ਮਲੂਕ ਉਨ੍ਹਾਂ ਦੀ ਪ੍ਰਥਮ ਰਚਨਾ ਹੈ। ਮੀਆਂ ਮੁਹੰਮਦ ਬਖਸ਼ ਨੂੰ ਵੀ ਉਸ ਦੀ ਇਕ ਰਚਨਾ ਦੇ ਅਦਾਰ ਤੇ ਰਿਆਸਤ ਜੰਮੂ ਕਸ਼ਮੀਰ ਸਹਿਤ ਦਾ ਮੋਢੀ ਨਹੀਂ ਮੰਨਿਆ ਜਾ ਸਕਦਾ। ਮੀਆਂ ਮੁਹੰਮਦ ਬਖਸ਼ ਰਿਆਸਤ ਜੰਮੂ ਕਸ਼ਮੀਰ ਵਿਚ ਆਪਣੇ ਵਿਸ਼ੇਸ਼ ਸਥਾਨ ਰਖਦੇ ਹਨ । (4).ਸੰਤ ਰੈਣ:ਸੰਤ ਰੈਣ ਰਿਆਸਤ

ਜੰਮੂ ਕਸ਼ਮੀਰ ਦੇ ਮਹਾਨ ਵਿਦਵਾਨ ਮੰਨੇ ਜਾਂਦੇ ਹਨ। ਕੁੱਝ ਵਿਦਵਾਨ ਸੰਤ ਰੈਣ ਨੂੰ ਰਿਆਸਤ ਦਾ ਮੋਢੀ ਸਾਹਿਤਕਾਰ ਮੰਨਦੇ ਹਨ। ਸੰਤ ਰੈਣ ਜੀ ਕਸ਼ਮੀਰ ਦੇ ਰਹਿਣ ਵਾਲੇ ਸਨ। ਸੰਤ ਰੈਣ ਜੀ ਦੇ ਜੀਵਨ ਦਾ ਪਹਿਲਾ ਹਿਸਾ ਕਸ਼ਮੀਰ ਵਿਚ ਹੀ ਬਿਤਾਇਆ ਅਤੇ ਬਾਅਦ ਵਿਚ ਮਲੇਰ ਕੋਟਲਾ (Pakistan) ਚਲੇ ਗਏ। ਗਿਣਾਤਮਕ ਅਤੇ ਗੁਣਾਤਮਕ ਪਖੋਂ ਬਹੁਤ ਸਾਰੀਆਂ ਰਚਨਾਵਾਂ ਰਚ ਕਿ ਪੰਜਾਬੀ ਮਾਂ ਬੋਲੀ ਨੂੰ ਭਰਪੂਰ ਕੀਤਾ ਹੈ। ਉਨਾਂ ਨਾਂ ਪੰਜਾਬੀ ਜਗਤ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਉਚ ਪਾਏ ਦੀਆਂ ਹਨ। ਡਾ:ਜੀਤ ਸਿੰਘ ਸ਼ੀਤਲ ਨੇ ਤਾਂ ਸੰਤ ਰੇਣ ਦੀਆਂ ਸ਼ੀਹਰਫੀਆ ਨੂੰ ਮੁੱਖ ਰੱਖ ਕੇ ਇਸ ਕਾਲ (1741-1871)ਨੂੰ ਪੰਜਾਬੀ ਸ਼ੀਹਰਫੀਆ ਦਾ ਸੁਨਿਹਰੀ ਕਾਲ ਕਿਹਾ ਹੈ। ਸੰਤ ਰੈਣ ਜੀ ਨੇ ਵਧੇਰੇ ਰਚਨਾਵਾਂ ਮਲੇਰ ਕੋਟਲਾ ਵਿਚ ਹੀ ਕੀਤੀਆ ਹਨ। ਪਰੰਤੂ ਉਸਨੂੰ ਰਿਆਸਤ ਨਾਲ ਵਧੇਰੇ ਸੰਬੰਧਿਤ ਪ੍ਰਵਾਨ ਕਰਕੇ ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ ਉਥੋਂ ਹੀ ਮੰਣਨਾ ਪ੍ਰਤੀਤ ਹੰਦਾ ਹੈ।ਉਪਰੋਕਤ ਵਿਚਾਰ ਤੋਂ ਅਸੀਂ ਸੰਤ ਰੈਣ ਨੂੰ ਪ੍ਰਥਮ ਸਾਹਿਤਕਾਰ ਦੀ ਸੂਚੀ ਵਿਚ ਰੱਖ ਸਕਦੇ ਹਾਂ । ਇਸ ਦੀ ਸੂਚੀ ਹੇਠ ਲਿਖੇ ਵਾਰਤਾਲਾਪ ਤੋ ਸਿਧ ਹੰਦੀ ਹੈ। (1).ਸੰਤ ਰੈਣ ਰਿਆਸਤ ਜੰਮੂ ਕਸ਼ਮੀਰ ਦਾ ਜੰਮਪਲ ਸੀ।। (2).ਸੰਤ ਰੈਣ ਜੀ ਨੇ ਜੀਵਨ ਦਾ ਮੁਢਲਾ ਹਿੱਸਾ ਰਿਆਸਤ ਜੰਮੂ ਕਸ਼ਮੀਰ ਵਿਚ ਹੀ ਬਿਤਾਇਆ ਸੀ।। (3).ਉਸਦੇ ਪ੍ਰਮਾਣਿਕ ਸਹਿਤ ਦੀ ਪ੍ਰਾਪਤੀ ਹੈ।। (4).ਸੰਤ ਰੈਣ ਜੀ ਦੀ ਗਿਣਾਤਮਕ ਤੇ ਗੁਣਾਤਮਕ ਪਖੋਂ ਪੰਜਾਬੀ ਸਾਹਿਤ ਨੂੰ ਨਿੱਗਰ ਦੇਣ ਹੈ।। (5).ਸੰਤ ਰੈਣ ਜੀ ਕਰਕੇ ਹੀ ਇਸ ਕਾਲ (1741-1871)ਨੂੰ ਪੰਜਾਬੀ ਸ਼ੀਹਰਫੀਆ ਦਾ ਸੁਨਿਹਰੀ ਕਾਲ ਕਿਹਾ ਜਾਂਦਾ ਹੈ। ਸੋ ਉਪਰੋਕਤ ਚਰਚਾ ਤੋ ਬਾਅਦ ਅਸੀਂ ਕਹ ਸਕਦੇ ਹਾਂ ਕਿ ਰਿਆਸਤ ਜੰਮੂ ਕਸ਼ਮੀਰ ਸਹਿਤ ਦਾ ਮੋਢੀ ਸੰਤ ਰੈਣ ਜੀ ਹਨ।. ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਕਾਲਵੰਡ:ਸਹਿਤ ਦੀ ਕਾਲਵੰਡ ਦਾ ਮਤਲਬ ਹੈ।ਕਿ ਸਹਿਤ ਦੇ ਇਤਿਹਾਸ ਨੂੰ ਵੱਖ- ਵੱਖ ਸਮਿਆਂ ਜਾਂ ਕਾਲਾ ਵਿਚ ਵੰਡਣਾ। ਕਾਲਵੰਡ ਦੀ ਲੋੜ ਦਾ ਕਾਰਨ ਇਹ ਵੀ ਹੰਦਾ ਹੈ। ਕਿ ਸਮੇਂ ਦੇ ਬਦਲਣ ਦੇ ਨਾਲ ਹਰ ਭਾਸ਼ਾ ਦੇ ਸਹਿਤ ਵਿਚ ਵਿਸ਼ੇ ਅਤੇ ਰੂਪਕ ਪੱਖ ਤੋ ਤਬਦੀਲੀਆ ਹੁੰਦੀਆਂ ਰਹਿੰਦੀਆਂ ਹਨ। ਇਸ ਲਈ ਸਹਿਤ ਦੀ ਕਾਲਵੰਡ ਇਕ ਪਾਸੇ ਤਾਂ ਇਹ ਦਰਸਾਉਂਦੀ ਹੈ। ਕਿ ਸਹਿਤ ਵਿਚ ਕਦੋਂ ਤਬਦੀਲੀ ਆਈ ਤੇ ਦੂਜੇ ਪਾਸੇ ਇਹ ਵੀ ਦਸਦੀ ਹੈ। ਕਿ ਸਹਿਤ ਵਿਚ ਆਈ ਤਬਦੀਲੀ ਵੇਲੇ ਰਾਜਸੀ ,ਸਮਾਜਿਕ ਅਤੇ ਆਰਥਿਕ ਹਲਾਤਾਂ ਤੋ ਕਿਥੇ ਤਕ ਪ੍ਰਭਾਵਿਤ ਹੋਈ ਹੈ। ਕਾਲਵੰਡ :ਰਿਆਸਤ ਜੰਮੂ ਕਸ਼ਮੀਰ ਵਿਚ ਲਿਖਤੀ ਪੰਜਾਬੀ ਸਾਹਿਤ ਅੱਜ ਤੱਕ ਹੋਈ ਖੋਜ ਅਨੁਸਾਰ ਕੋਈ 400 ਸਾਲ। ਪੁਰਾਣਾ ਹੈ ਰਿਆਸਤੀ ਸਹਿਤ ਦੀ ਕਾਲਵੰਡ ਇੰਝ ਕੀਤੀ ਜਾ ਸਕਦੀ ਹੈ।. (1).ਮੁਢਲਾ ਕਾਲ :1650-1850ਈ ਤੱਕ। (2).ਮੱਦ ਕਾਲ:1850-1900ਈ ਤੱਕ। (3).ਆਧੁਨਿਕ ਕਾਲ 1900ਈ ਤੋ ਹੁਣ ਤੱਕ। ਅੱਗੇ ਆਧੁਨਿਕ ਕਾਲ ਦੀ ਵੰਡ ਇਸ ਪ੍ਰਕਾਰ ਕੀਤੀ ਗਈ ਹੈ। (1).1900 ਤੋਂ 1947 ਈ ਤੱਕ ਜਾਗ੍ਰਿਤੀ ਕਾਲ। (2).1947 ਤੋਂ ਹੁਣ ਤੱਕ ਪ੍ਰਾਪਤੀ ਕਾਲ। (1).ਮੁਢਲਾ ਕਾਲ 1650-1850 ਈ ਤੱਕ: 1650ਈ ਤੋ ਲੈ ਕੇ 1850 ਈ ਤੱਕ ਦੇ ਕਾਲ ਨੂੰ ਮੁਢਲਾ ਕਾਲ ਕਹਿੰਦੇ ਹਨ । ਕਿਉਂਕਿ 17ਵੀ ਸਦੀ ਦੇ ਆਰੰਭ ਵਿਚ ਹੀ 1615ਈ ਹੁਣ ਤੱਕ ਹੋਈ ਖੋਜ ਸਦਕਾ ਕਸ਼ਮੀਰ ਦਾ ਪਹਿਲਾ ਕਵੀ ਸੁਥਰੇ ਸ਼ਾਹ ਜਨਮ ਲੈਂਦਾ ਹੈ। ਸੁਥਰੇ ਸ਼ਾਹ ਦੀ ਕਾਵਿ ਭਾਸ਼ਾ ਤੋ ਹੀ ਪ੍ਰਤੱਖ ਹੁੰਦਾ ਹੈ । ਉਸ ਤੋ ਕਾਫੀ ਪਹਿਲਾਂ ਪੰਜਾਬੀ ਸਾਹਿਤ ਸਾਡੀ ਰਿਆਸਤ ਵਿੱਚ ਰਚਿਆ ਜਾਂਦਾ ਰਿਹਾ ਹੋਵੇਗਾ। ਮੁਢਲੇ ਕਾਲ ਦਾ ਆਰੰਭ ਅਧਿਆਤਮਕ ਕਵਿਤਾ ਨਾਲ ਹੰਦਾ ਹੈ। ਅਤੇ 1850 ਈ। ਤੱਕ ਅਧਿਆਤਮਕ ਕਵੀ ਬਾਬਾ ਬਾਘ ਸਿੰਘ ਦੇ ਪ੍ਰਲੋਕ ਸਿਧਾਰਨ ਤੱਕ ਕਵਿ ਦੀ ਇਹੀ ਪ੍ਰਮੁੱਖ ਧਾਰਾ ਰਹਿੰਦੀ ਹੈ। ਇਸ ਕਾਲ ਦੇ ਪ੍ਰਮੁੱਖ ।ਕਵੀ ਇਸ ਪ੍ਰਕਾਰ ਹਨ । ਸੁਥਰੇ ਸ਼ਾਹ ,ਸੰਤ ਰੈਣ, ਮੀਆਂ ਮਹੁੰਮਦ ਬਖਸ਼ ਆਦਿ ਹਨ। (2).ਮੱਦ ਕਾਲ:1850-1900ਈ ਤੱਕ: ਇਸ ਕਾਲ ਵਿੱਚ ਤਿੰਨ ਮੁੱਖ ਕਾਵਿ ਧਾਰਾ ਚਲ ਰਹੀਆਂ ਸਨ। ਸੂਫੀ ਧਾਰਾ, ਭਗਤੀ ਧਾਰਾ , ਰੋਮਾਂਚਕ ਧਾਰਾ । 1850 ਤੋ 1900 ਈ ਤਕ ਦਾ ਸਮਾਂ ਮੱਦਕ ਅਖਵਾਉਦਾ ਹੈ। ਇਸ ਕਾਲ ਵਿਚ ਤਿਨ ਪ੍ਰਮੁੱਖ ਕਿੱਸਾਕਾਰ ਹੋਏ ਹਨ। ਜੋ ਵੱਖ- ਵੱਖ ਧਾਰਮਿਕ ,ਸਮਾਜਿਕ ,ਜਾਂ ਸਾਹਿਤਕ ਲਹਿਰਾਂ ਤੋ ਪ੍ਰਭਾਵਿਤ ਹੋਏ ਹਨ। ਮੀਆਂ ਮਹੁੰਮਦ ਬਖਸ਼, ਸੰਤ ਰੈਣ, ਮੀਆਂ ਮਹੁੰਮਦ ਓ-ਦੀਨ ਕਾਦਰੀ ਤਿੰਨ ਵਡੇ ਕਿਸਾਕਾਰ ਸਮਕਾਲੀ ਸਨ। ਇਹ ਸਾਰੇ ਕਵੀ ਕ੍ਰਮਵਾਰ ਸੂਫੀ ਮੱਤ ,ਹਿੰਦੂ ਮੱਤ, ਅਤੇ ਰੋਮਾਂਚਕ ਧਾਰਾ ਤੋ ਪ੍ਰਭਾਵਿਤ ਸਨ ।ਇਨ੍ਹਾਂ ਕਿਸਾੱਕਾਰਾ ਨੇ ਕਾਵਿ ਦੀਆਂ ਸਿਖਰਾਂ ਨੂੰ ਛੋਹਿਆ ਹੈ। ਇਸ ਕਾਲ ਵਿਚ ਰੂਪ ਅਤੇ ਵਿਸ਼ੇ ਪਖੋਂ ਕਾਫੀ ਤਬਦੀਲੀ ਆਈ ਹੈ। ਦੂਜੀ ਖੂਬੀ ਇਸ ਕਾਲ ਦੀ ਇਹ ਹੈ । ਕਿ ਇਸ ਦੋਰ।ਵਿਚ ਪੰਜਾਬੀ ਵਾਰਤਕ ਵਿਚ ਅਨੁਵਾਦ ਕਰਨ ਦੀ ਰੂਚੀ ਵੀ ਪ੍ਰਬਲ ਦਿਸਦੀ ਹੈ। ਅਤੇ ਫਾਰਸੀ ਰਚਨਾਵਾਂ ਦੇ ਅਨੁਵਾਦ ਕਰਵਾਏ ਗਏ । ਇਨ੍ਹਾਂ ਕਾਰਨਾਂ ਕਰਕੇ ਇਸ ਕਾਲ ਨੂੰ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਵੀ ਆਖਦੇ ਹਨ। ਗਿਣਾਤਮਕ ਪਖੋਂ ਜਿਆਦਾ ਰਚਨਾਵਾਂ ਲਿਖਣ ਕਾਰਨ ਇਸਨੂੰ ਮੀਆਂ ਮਹੁੰਮਦ ਬਖਸ਼ ਕਾਲ ਵੀ ਕਿਹਾ ਜਾਂਦਾ ਹੈ। (3).ਆਧੁਨਿਕ ਕਾਲ.1900 ਤੋ ਹੁਣ ਤੱਕ:ਰਿਆਸਤ ਜੰਮੂ ਕਸ਼ਮੀਰ ਵਿਚ ਆਧੁਨਿਕ ਕਾਲ 1900 ਤੋ ਆਰੰਭ ਹੁੰਦਾ ਹੈ। ਇਸ ਕਾਲ ਵਿਚ ਕਿਸਿਆ ਦੀ ਥਾਂ ਮਕਤਕ ਕਵਿਤਾਵਾਂ ਰਚਨ ਦਾ ਰਿਵਾਜ਼ ਪਿਆ। ਅਤੇ ਉਹ ਵੀ

**ISBN**: 978-93-85822-73-5

ਵਿਨੰਗੀ ਭਰਪੂਰ ਹੈ। ਇਸੇ ਕਾਲ ਵਿਚ ਰਾਜਸੀ ਘੋਲ ਵੀ ਆਰੰਭ ਹੋਇਆ । ਇਸ ਘੋਲ ਵਿਚ ਲੋਕਾਂ ਨੂੰ ਸਫਲਤਾ ਵੀ ਪ੍ਰਾਪਤ ਹੋਈ। ਇਸ ਬਦਲੇ ਹੋਏ ਮਾਹੌਲ ਵਿਚ ਸਹਿਤ ਵੀ ਨਵੇਂ ਵਿਸ਼ੇ ਲੈ ਕੇ ਆਇਆ । ਇਸ ਕਾਲ ਨੂੰ ਅਸੀਂ ਦੋ ਭਾਗਾਂ ਵਿਚ ਵੰਡਿਆ ਹੈ।। (1).1900 ਈ ਤੋ 1947 ਈ ਤੱਕ ਜਾਗ੍ਰਿਤ ਕਾਲ। (2).1947ਈ ਤੋ ਹੁਣ ਤੱਕ ਪ੍ਰਾਪਤੀ ਕਾਲ।। (1)1900 ਈ ਤੋ 1947 ਈ ਤੱਕ ਜਾਗ੍ਰਿਤ ਕਾਲ:1900ਈ ਤੋ 1947ਈ ਦਾ ਸਮਾਂ ਸਘੰਰਸ਼ ਦਾ ਸਮਾਂ ਸੀ। ਸ਼ੇਖ ਮੁਹੰਮਦ ਅਬਦੂਲਾ ਦੀ ਅਗਵਾਈ ਵਿਚ ਆਰੰਭ ਘੋਲ ਨੂ ਸਮੁਚੇ ਭਾਰਤ ਦੇ ਜਾਗ ਉਠੇ ਲੋਕਾਂ ਦੀ ਆਵਾਜ ਨੇ ਹੋਸਲਾਂ ਦਿੱਤਾ । ਅਤੇ 1947 ਈ ਨੂੰ ਕਸ਼ਮੀਰ ਆਜਾਦ ਹੋ ਗਿਆ। ਇਸ ਦੋਰ ਵਿਚ ਪੰਜਾਬੀ ਪੱਤਰਕਾਰੀ ਦਾ ਜਨਮ ਕਸ਼ਮੀਰ ਖਾਲਸਾ ਸਮਾਚਾਰ (ਮੁਜਾਫਰਾਬਾਦ ) ਨਾਲ ਹੰਦਾ ਹੈ। ਇਸ ਕਾਲ ਵਿੱਚ ਪੰਜਾਬੀ ਕਵੀਆਂ ਨੇ ਕਿੱਸਾ ਕਾਵਿ ਦੀ ਪ੍ਰੰਪਰਾ ਨੂੰ ਲਗਾਤਾਰ ਤਿਆਗ ਹੀ ਦਿੱਤਾ ਸੀ। ਕਵੀਆਂ ਨੇ ਖੁਲ ਕੇ ਲੋਕਾਂ ਦੀ ਗਲ ਕੀਤੀ ਹੈ। ਇਸੇ ਕਾਲ ਵਿਚ ਮਨੁੱਖੀ ਹਕਾ ਤੇ ਵਿਅਕਤੀ ਦੀ ਆਜਾਦੀ ਦੀ ਗੱਲ ਤੁਰੀ ਸੀ। ਇਸ ਦੋਰ ਵਿਚ ਚੰਗੀ ਵਾਰਤਕ ਲਿੱਖੀ ਗਈ । ਅਤੇ ਇਸੇ ਦੋਰ ਕਹਾਣੀ ਲਿਖਣੀ ਵੀ ਆਰੰਭ ਹੋ ਗਈ। ਇਸ ਕਾਲ ਦਾ ਸਮੇਂ 1900 ਈ ਤੋ 1947 ਈ ਤੱਕ ਮੰਨਿਆ ਗਿਆ ਹੈ। (2).1947 ਈ ਤੋ ਹੁਣ ਤੱਕ ਪ੍ਰਾਪਤੀ ਕਾਲ:1947 ਈ ਤੋ ਹੁਣ ਤੱਕ ਦਾ ਸਮਾਂ ਹਰ ਲਿਹਾਜ਼ ਨਾਲ ਆਧੁਨਿਕ ਕਾਲ ਅਖਵਾਉਦਾ ਹੈ।। 1947 ਈ ਦਾ ਸਮਾਂ ਤਬਾਹੀ ,ਬਰਬਾਦੀ ਤੇ ਕਤਲ ਦਾ ਸਮਾਂ ਸੀ। ਜਿੱਥੇ ਤੱਕ ਸਾਹਿਤਕ ਗਤੀਵਿਧੀਆਂ ਦਾ ਸੰਬੰਧ ਹੈ। ਤਾਂ ਇਹ ਕਿਹਾ ਜਾ ਸਕਦਾ ਹੈ। ਕਿ ਇਹ ਸਮਾਂ ਸੰਭਾਵਨਾ ਦਾ ਸਮਾਂ ਹੈ। ਰਿਆਸਤ ਜੰਮੂ ਕਸ਼ਮੀਰ ਵਿਚ ਕਲਚਰਲ ਅਕਾਡਮੀ ਦੀ ਸਥਾਪਨਾ ਹੋਣ ਨਾਲ ਹੋਰ ਭਾਸ਼ਾਵਾਂ ਨਾਲ ਪੰਜਾਬੀ ਸਾਹਿਤ ਕਾਫੀ ਪ੍ਰਫੁੱਲਤ ਹੋਇਆ । ਲੇਖਕਾਂ ਨੂੰ ਵੀ ਪੁਸਤਕਾਂ ਛਾਪਣ ਲਈ ਸਹਾਇਤਾ ਦਿੱਤੀ ਗਈ। ਪੁਰਾਣੇ ਸਮੇਂ ਦੇ ਕਹਾਣੀਕਾਰਾ ਨੂੰ ਵੀ ਛਾਪਣ ਦਾ ਕੰਮ ਅਕਾਡਮੀ ਨੇ ਆਪਣੇ ਹੱਥ ਵਿੱਚ ਲਿਆ । 1947 ਈ ਤੋ ਮਗਰੋਂ ਹੀ ਪੰਜਾਬੀ ਸਾਹਿਤ ਸਭਾਵਾਂ ਵਜੂਦ ਵਿਚ ਆਉਦੀਆਂ ਹਨ।ਇਸ ਦੋਰ ਵਿਚ ਕਵਿਤਾ ਤੋ ਇਲਾਵਾ ਕਹਾਣੀ, ਨਾਵਲ, ਨਾਟਕ, ਡਰਾਮਾ, ਨਿਰੋਲ,ਸਾਹਿਤਕ ਵਾਰਤਕ ,ਆਲੋਚਨਾ ਆਦਿ। ਸਾਹਿਤਕ ਰੂਪ ਮਿਲਨੇ ਸ਼ੁਰੂ ਹੋ ਗਏ। ਅੱਜ ਕਲ ਜੰਮੂ ਕਸ਼ਮੀਰ ਵਿਚ ਢੇਰ ਸਾਰਾ ਸਹਿਤ ਰਚਿਆ ਜਾ ਰਿਹਾ ਹੈ।

**ISBN**: 978-93-85822-73-5